impressions gallery

**FREE** Information sheet (ਮੁਫ਼ਤ ਜਾਣਕਾਰੀ ਸ਼ੀਟ)

# *Flatland: A Landscape of Punjab* ('ਪੱਧਰੀ ਧਰਤੀ: ਪੰਜਾਬ ਦਾ ਧਰਤੀ ਦਰਿਸ਼')

## Max Kandhola (ਮੈਕਸ ਕੰਢੋਲਾ)

### 25 ਅਪਰੈਲ ਤੋਂ 20 ਜੂਨ 2010 ਤਕ

ਬਰਿਟਿਸ਼ ਇੰਡੀਅਨ ਫੋਟੋਗਰਾਫਰ ਮੈਕਸ ਕੰਢੋਲਾ ਜੀ ਅਪਣੀਆਂ ਪੰਜਾਬ ਦੇ ਦਰਿਆਵਾਂ ਅਤੇ ਭੂਮੀ ਦਰਿਸ਼ ਤਸਵੀਰਾਂ ਰਾਹੀਂ ਯਾਦਾਂ ਦੇ ਵਿਸ਼ਾ ਵਸਤੂਆਂ, ਪਰਵਾਸ ਅਤੇ ਸਿੱਖ ਫੈਲਾਉ ਦੀ ਖੋਜ ਕਰਦੇ ਹਨ। 1947 ਵਿਚ ਪਾਕਿਸਤਾਨ ਬਣਨ ਪਿੱਛੋਂ, ਪੰਜਾਬ (ਭਾਵ 'ਪੰਜ ਦਰਿਆਵਾਂ ਦੀ ਧਰਤੀ') ਉੱਤੇ ਹੁਣ ਇੰਡੀਆ ਅਤੇ ਪਾਕਿਸਟਾਨ ਦੀਆਂ ਸਰਹੱਦਾਂ ਸਵਾਰ ਹਨ।

*Flatland* ('ਪੱਧਰੀ ਧਰਤੀ') ਉਨ੍ਹਾਂ ਦੇ ਪਰਿਵਾਰ ਦੇ ਵਿਰਸੇ ਦੀਆਂ ਤਸਵੀਰਾਂ ਦੀ ਤਿੰਨ ਲੇਖੀ ਚਿਤਰਕਾਰੀ ਦੀ ਤੀਸਰੀ ਕਿਸ਼ਤ ਹੈ, ਜੋ (*Illustration of Life*) 'ਜੀਵਨ ਵਿਆਖਿਆ' ਤੋਂ ਅੱਗੇ ਚਾਲੂ ਰਖਦਿਆਂ, ਉਨ੍ਹਾਂ ਦੇ ਪਿਤਾ ਦੀ 2003 ਵਿਚ ਪਹਿਲੀ ਬਾਰ ਅੰਕਤ ਕੀਤੀ ਕੈਂਸਰ ਨਾਲ ਸੰਘਰਸ਼ ਦਾ ਇਕ ਚੁਵਵਾਂ ਲੇਖ ਪੱਤਰ ਹੈ। (*Flatland*) 'ਪੱਧਰੀ ਧਰਤੀ' ਵਿਚ ਕੰਢੋਲਾ ਜੀ, ਸਿੱਖ ਰੀਤਾਂ ਅਨੁਸਾਰ ਅਸਥੀਆਂ ਨੂੰ ਚਲਦੇ ਪਾਣੀ ਵਿਚ ਰੋੜ੍ਹਨਾ, ਜਿਸ ਨੂੰ ਕਿ ਸਰੀਰ ਦਾ ਧਰਤੀ ਵਿਚ ਪੁਨਰ ਮਿਲਾਪ ਦੀ ਨਿਸ਼ਾਨੀ ਸਮਝਿਆ ਜਾਂਦਾ ਹੈ, ਅਪਣਾ ਅਰੰਭ ਬਿੰਦੂ ਲੈਂਦੇ ਹਨ।

ਬਰਮਿੰਘਮ ਆਉਣ ਤੋਂ ਪਹਿਲਾਂ ਜਿਥੇ ਕਿ ਉਨ੍ਹਾਂ ਦਾ ਜਨਮ ਹੋਇਆ ਸੀ, ਕੰਢੋਲਾ ਜੀ ਦੇ ਮਾਤਾ ਪਿਤਾ ਇੰਡੀਆ ਤੋਂ ਪਰਵਾਸ ਕਰ ਕੇ 1950 ਦੇ ਦਹਾਕੇ ਵਿਚ ਬਰੈਡਫ਼ੋਰਡ ਆਏ ਸਨ। ਜਲੰਧਰ ਵਿਚ ਨੂਰਮਹਲ ਦੇ ਨੇੜੇ ਸੈਦੋਵਾਲ ਅਤੇ ਸ਼ਾਦੀਪੁਰ ਦੀਆਂ ਬਾਹਰੀ ਹੱਦਾਂ ਵਿਚ ਅਪਣੀ ਜੱਦੀ ਮਾਂਭੂਮੀ ਵਾਪਸ ਜਾ ਕੇ ਉਨ੍ਹਾਂ ਪੰਜਾਬ ਦੇ ਸੈਂਟਰ ਤੋਂ ਬਾਹਰ ਵਲ ਸਫ਼ਰ ਕੀਤਾ। ਭਾਵੇਂ ਇਹ ਇਕ ਅਣਜਾਣਾ ਪਰਦੇਸ ਸੀ, ਉਨ੍ਹਾਂ ਦੇ ਅਨੁਭਵ ਨੂੰ ਉਨ੍ਹਾਂ ਦੇ ਪਰਿਵਾਰ ਵਲੋਂ ਉਨ੍ਹਾਂ ਨੂੰ ਦੱਸੀਆਂ ਯਾਦਾਂ ਤੋਂ ਜਾਣੂ ਕਰਾਇਆ ਹੋਇਆ ਸੀ।

'ਪੱਧਰੀ ਧਰਤੀ' (*Flatland*) ਵਿਚ ਚਿੱਤਰਾਂ ਚੋਂ ਲੋਕ, ਭੂ ਚਿੰਨ ਅਤੇ ਛਪਾਈ ਕਲਾ ਗ਼ਾਇਬ ਹਨ। ਕੰਢੋਲਾ ਜੀ ਕਹਿੰਦੇ ਹਨ, 'ਮੈਂ ਇੰਡੀਆ ਦੇ ਘਸੇ ਪਿਟੇ ਚਿਤਰਨ ਤੋਂ ਬਚਣਾ ਚਾਹੁੰਦਾ ਸੀ, ਅਤੇ ਇਸ ਦੀ ਥਾਂ ਤੇ ਮੇਰੇ ਚਿੱਤਰ ਯੋਰੋਪੀਅਨ ਭੂਮੀ ਦਰਿਸ਼ ਚਿਤਰਨ ਅਤੇ ਬਰਿਟਿਸ਼ ਉਪ ਨਗਰੀ ਬਗ਼ੀਚਿਆਂ ਤੋਂ ਪਰਭਾਵਤ ਹਨ, ਜੋ ਮੇਰੇ ਬਰਿਟਿਸ਼-ਇੰਡੀਅਨ ਵਿਰਸੇ ਦਾ ਅਕਸ ਵਖਾਉਂਦੇ ਹਨ'।

ਪਰਦਰਸ਼ਨੀ ਵਿਚ 'ਕਾਰਜ ਖੇਤਰ ਲਿਖਤਾਂ ਅਤੇ ਖੋਜਾਂ' *(Field Notes and Explorations)*, ਚਿੱਤਰਾਂ ਦਾ ਜੋੜ ਅਤੇ ਨਾਲੋ ਨਾਲ ਤਿਆਰ ਹੋਣ ਵਾਲੀਆਂ ਤਸਵੀਰਾਂ ਸ਼ਾਮਲ ਹਨ ਜੋ ਕੰਢੋਲਾ ਜੀ ਦੇ ਕੰਮ ਕਰਨ ਦੇ ਤਰੀਕਿਆਂ ਦਾ ਪਰਗਟਾਵਾ ਕਰਦੀਆਂ ਹਨ, ਜੋ ਯੂ ਕੇ (UK) ਵਿਚ ਪਹਿਲਾਂ ਕਦੇ ਵੀ ਨਹੀਂ ਵਿਖਾਈਆਂ ਗਈਆਂ।

ਵਧੇਰੇ ਜਾਨਣ ਲਈ, ਕ੍ਰਿਪਾ ਕਰ ਕੇ ਪੜ੍ਹਨ ਸੂਚੀ 'ਤੇ ਨਜ਼ਰ ਮਾਰੋ ਜਾਂ ਸਬੰਧਤ ਸਮਾਗਮਾਂ ਬਾਰੇ ਇਸ਼ਤਿਹਾਰ ਲਵੋ ਜਿਨ੍ਹਾਂ ਵਿਚ ਮੰਗਲਵਾਰ 15 ਜੂਨ ਨੂੰ ਆਰਕਾਈਵ ਕੁਨੈੱਕਸ਼ਨਸ ਐਂਡ ਆਰਟਿਸਟ ਟਾੱਕ (Archive Connections and Artist Talk) ਸਮਾਗਮ ਭੀ ਸ਼ਾਮਲ ਹੈ। ਪਰਕਾਸ਼ਤ ਪੁਸਤਕ 'ਪੱਧਰੀ ਧਰਤੀ: ਪੰਜਾਬ ਦਾ ਧਰਤੀ ਦਰਿਸ਼' (*Flatland: A Landscape of Punjab*) ਸ਼ੋਪ ਤੋਂ ਪਰਦਰਸ਼ਨੀ ਦੀ ਖ਼ਾਸ ਕੀਮਤ £20 (ਆਮ ਕੀਮਤ £30) ਦੀ ਮਿਲਦੀ ਹੈ। .

NOTTINGHAM TRENT UNIVERSITY
Supported by ARTS COUNCIL ENGLAND
City of Bradford MDC www.bradford.gov.uk